ਘਰੇਲੂ ਦੁਰਵਿਹਾਰ ਅਤੇ ਕੋਰੋਨਾਵਾਇਰਸ - ਵੈਸਟ ਬਰਕਸ਼ਾਇਰ ਸਹਾਇਤਾ

# ਤੁਹਾਨੂੰ ਲੋੜ ਨਹੀਂ ਹੈ




## ਜੇ ਤੁਹਾਨੂੰ ਘਰੇਲੂ ਦੁਰਵਿਹਾਰ ਤੋਂ ਬਚ ਕੇ ਨਿਕਲਣ ਲਈ ਆਪਣੇ ਘਰ ਤੋਂ ਬਾਹਰ ਜਾਣ ਦੀ ਲੋੜ ਹੈ

**ਕੋਈ ਵੀ ਘਰੇਲੂ ਦੁਰਵਿਹਾਰ ਦਾ ਸ਼ਿਕਾਰ ਹੋ ਸਕਦਾ ਹੈ, ਭਾਵੇਂ ਉਸਦਾ ਲਿੰਗ, ਉਮਰ, ਜਾਤੀ, ਸਮਾਜਿਕ-ਆਰਥਿਕ ਸਥਿਤੀ, ਲੈਂਗਿਕਤਾ ਜਾਂ ਪਿਛੋਕੜ ਕੋਈ ਵੀ ਹੋਵੇ।**

### ਕੀ ਤੁਹਾਨੂੰ ਤੁਰੰਤ ਖ਼ਤਰਾ ਹੈ?

**999 ਤੇ ਕਾਲ ਕਰੋ ਜੇ ਤੁਹਾਨੂੰ ਤੁਰੰਤ ਖ਼ਤਰਾ ਹੈ ਅਤੇ ਪੁਲਿਸ ਨਾਲ ਗੱਲ ਕਰਨ ਲਈ ਕਹੋ।**

**55 ਦਬਾਓ ਜੇ ਤੁਸੀਂ ਫੋਨ 'ਤੇ ਬੋਲ ਨਹੀਂ ਸਕਦੇ ਹੋ ਅਤੇ ਤੁਹਾਡੀ ਬੋਲਣ ਦੀ ਲੋੜ ਦੇ ਬਿਨਾਂ ਸਹਾਇਤਾ ਕੀਤੀ ਜਾਵੇਗੀ।**

## ਮੈਨੂੰ ਮਦਦ ਕਿੱਥੋਂ ਮਿਲ ਸਕਦੀ ਹੈ?

**A2Dominion** – ਇਹ ਵੈਸਟ ਬਰਕਸ਼ਾਇਰ ਲਈ ਸਾਡੀ ਸਥਾਨਕ ਘਰੇਲੂ ਬਦਸਲੂਕੀ ਦੀ ਸੇਵਾ ਹੈ। ਟੈਲੀਫੋਨ ਹੈਲਪਲਾਈਨ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 10 ਵਜੇ ਤੋਂ ਸ਼ਾਮ 7 ਵਜੇ ਤੱਕ, **0800 731 0055** 'ਤੇ ਉਪਲਬਧ ਹੈ। ਜੇ ਈਮੇਲ ਕਰਨਾ ਸੁਰੱਖਿਅਤ ਹੈ, ਤਾਂ ਤੁਸੀਂ ਇਸ ਪਤੇ 'ਤੇ ਈਮੇਲ ਵੀ ਕਰ ਸਕਦੇ ਹੋ das@a2dominion.co.uk. ਅੰਗਰੇਜ਼ੀ ਨਾ ਬੋਲਣ ਵਾਲੇ ਪੀੜਤਾਂ ਲਈ ਦੁਭਾਸ਼ੀਆ ਸੇਵਾ ਉਪਲਬਧ ਹੈ।

**ਕਰਮਾ ਨਿਰਵਾਣਾ (Karma Nirvana)** – ਜ਼ਬਰਦਸਤੀ ਵਿਆਹ ਅਤੇ ਇੱਜ਼ਤ ਅਧਾਰਤ ਬਦਸਲੂਕੀ ਦੇ ਪੀੜਤਾਂ ਦਾ ਸਮਰਥਨ ਕਰਦੇ ਹਨ। ਟੈਲੀਫੋਨ ਹੈਲਪਲਾਈਨ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9 ਤੋਂ ਸ਼ਾਮ 5 ਵਜੇ ਤੱਕ – **0800 5999 247** 'ਤੇ ਉਪਲਬਧ ਹੈ। ਜੇ ਈਮੇਲ ਕਰਨਾ ਸੁਰੱਖਿਅਤ ਹੈ, ਤਾਂ ਤੁਸੀਂ ਇਸ ਪਤੇ 'ਤੇ ਈਮੇਲ ਵੀ ਕਰ ਸਕਦੇ ਹੋ info@karmanirvana.org.uk

**ਰਾਸ਼ਟਰੀ ਘਰੇਲੂ ਬਦਸਲੂਕੀ ਹੈਲਪਲਾਈਨ** – ਟੈਲੀਫੋਨ ਹੈਲਪਲਾਈਨ **0808 200 0247** 'ਤੇ ਦਿਨ ਦੇ 24 ਘੰਟੇ, ਹਫ਼ਤੇ ਦੇ 7 ਦਿਨ ਉਪਲਬਧ ਹੈ

**ਵੀਮੈਨਜ਼ ਏਡ (Women’s Aid)** – ਹੇਠਾਂ ਦਿੱਤੇ ਲਿੰਕ ਰਾਹੀਂ ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 10 ਵਜੇ ਤੋਂ ਦੁਪਹਿਰ 12 ਵਜੇ ਤੱਕ ਇੱਕ ਲਾਈਵ ਚੈਟ ਸੇਵਾ ਉਪਲਬਧ ਹੈ https://chat.womensaid.org.uk/. ਜੇ ਈਮੇਲ ਕਰਨਾ ਸੁਰੱਖਿਅਤ ਹੈ, ਤਾਂ ਤੁਸੀਂ ਇਸ ਪਤੇ 'ਤੇ ਈਮੇਲ ਵੀ ਕਰ ਸਕਦੇ ਹੋ helpline@womensaid.org.uk

**ਪੁਰਸ਼ਾਂ ਦੀ ਸਲਾਹ ਲਾਈਨ (Men’s Advice Line)** – ਟੈਲੀਫੋਨ ਹੈਲਪਲਾਈਨ ਸੋਮਵਾਰ ਤੋਂ ਸ਼ੁੱਕਰਵਾਰ **0808 801 0327** 'ਤੇ ਸਵੇਰੇ 9 ਵਜੇ ਤੋਂ ਉਪਲਬਧ ਹੈ, ਬੰਦ ਹੋਣ ਦਾ ਸਮਾਂ ਵੱਖ-ਵੱਖ ਹੁੰਦਾ ਹੈ। ਵੈੱਬਚੈਟ ਬੁੱਧਵਾਰ, ਵੀਰਵਾਰ ਅਤੇ ਸ਼ੁੱਕਰਵਾਰ ਸਵੇਰੇ 10 ਤੋਂ 11 ਵਜੇ ਦੇ ਵਿਚਕਾਰ ਅਤੇ ਦੁਪਹਿਰ ਬਾਅਦ 3 ਵਜੇ ਤੋਂ ਸ਼ਾਮ 4 ਵਜੇ ਤਕ ਉਹਨਾਂ ਦੀ ਵੈੱਬਸਾਈਟ ਦੇ ਰਾਹੀਂ ਉਪਲਬਧ ਹੁੰਦੀ ਹੈ।

**ਫਲੈਗ DV (Flag DV)** – ਘਰੇਲੂ ਬਦਸਲੂਕੀ ਦੇ ਪੀੜਤਾਂ ਲਈ ਮੁਫ਼ਤ ਕਾਨੂੰਨੀ ਸਲਾਹ ਦੀ ਪੇਸ਼ਕਸ਼ ਕਰਦੇ ਹਨ। ਇੱਕ ਆਨਲਾਈਨ ਰੈਫਰਲ ਫਾਰਮ ਉਹਨਾਂ ਦੀ ਇਸ ਵੈੱਬਸਾਈਟ ਦੇ ਰਾਹੀਂ ਪੂਰਾ ਕੀਤਾ ਜਾ ਸਕਦਾ ਹੈ https://www.flagdv.org.uk/

Building Communities Together | a2dominion | West Berkshire Council